

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਤੇ ਗੁਰਮਤੇ ਦੀ ਬਹਾਲੀ ਕਿਵੇਂ ਹੋਵੇ?

**ਸ੍ਰੀ ਅਕਾਲ ਤਖ਼ਤ ਸਾਹਿਬ:**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪਣੇ ਹੱਥੀਂ ਚਿਣਾਈ ਕਰਕੇ ਸੰਪੂਰਨ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਰਾਹੀਂ ਗੁਰੂ ਅਤੇ ਸਿੱਖ ਨੇ ਮਿਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਜਿਸ ਉੱਪਰ ਬਾਅਦ ਵਿੱਚ ਗੁਰੂ ਖ਼ਾਲਸਾ ਪੰਥ ਰੂਪੀ ਸੱਚ ਦਾ ਅਮਲ ਸਾਕਾਰ ਹੋਇਆ।



### ਅਕਾਲੀ ਕੌਣ ਹੈ?

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ। ਅਕਾਲੀ ਦੀ ਜ਼ਿੰਦਗੀ ਦਾ ਨਿਸ਼ਾਨਾ ਗੁਰਦੁਆਰਿਆਂ ਦੀ ਕਾਇਮੀ ਤੇ ਸੁਧਾਈ, ਮਰਿਯਾਦਾ ਦੀ ਪਵਿਤਰਤਾ ਦੀ ਕਾਇਮੀ, ਪੰਥਕ ਆਚਰਨ ਦੀ ਰਾਖੀ, ਨਿਤਾਣੇ ਦੁਖੀਆਂ ਤੇ ਸ਼ਰਨਾਗਤਾਂ ਦੀ ਸਹਾਇਤਾ ਕਰਨੀ ਹੁੰਦੀ ਹੈ। ਅਕਾਲੀ, ਜੋ ਨਾਮ ਬਾਣੀ ਦਾ ਪ੍ਰੇਮੀ ਹੋਵੇ, ਜੋ ਇਕ ਅਕਾਲ ਉਤੇ ਟੇਕ ਰੱਖੇ ਤੇ ਨਾਲ ਪੂਰਨ ਤਿਆਗ, ਵੈਰਾਗ ਦੀ ਬਿਰਤੀ ਰੱਖਦਾ ਹੋਵੇ। ਸੱਚੇ ਅਕਾਲੀ ਹੱਦ ਦਰਜੇ ਦੇ ਦਲੇਰ ਭਾਵ ਧੁਰ ਥੀਂ ਸੁਤੰਤਰ ਹੁੰਦੇ ਹਨ। ਸਭ ਕਿਸੇ ਨੂੰ ਪਿਆਰ ਨਾਲ ਮਿਲਦੇ ਹਨ। ਉਹ ਫਰਜਾਂ ਦੀ ਪੂਰਤੀ ਲਈ ਜਾਨ ਨਿਛਾਵਰ ਕਰਨ ਦੀ ਪਰਵਾਹ ਨਹੀ ਕਰਦੇ। ਅਕਾਲੀ ਨਾ ਆਪਣੇ ਹੱਥ ਆਏ ਪਦਾਰਥ, ਮਕਾਨ ਤੇ ਜਮੀਨ ਨੂੰ ਆਪਣੀ ਮਲਕੀਅਤ ਕਰ ਜਾਣਦੇ ਹਨ ਅਤੇ ਨਾ ਹੀ ਦੂਜੇ ਦੇ ਪਦਾਰਥਾਂ ਨੂੰ ਉਹਨਾਂ ਦਾ ਸਮਝਦੇ ਹਨ ਪਰ ਇਹ ਸੰਨਿਆਸੀ ਵੀ ਨਹੀਂ ਹੁੰਦੇ। ਇਹ ਉਚੇ ਮਨ ਵਾਲੇ ਉਨਮਨੀਏ, ਨਾਮ ਰਸੀਏ, ਵੈਰ ਵਿਰੋਧ ਨੂੰ ਜਿਤ ਚੁਕੇ ਨਿਰਭਉ ਨਿਰਵੈਰ ਸੂਰੇ ਹੁੰਦੇ ਹਨ।



### ਗੁਰੂ ਖ਼ਾਲਸਾ ਪੰਥ:

ਗੁਰੂ ਨਾਨਕ ਪਾਤਸ਼ਾਹ ਜੀ ਨੇ ਪਹਿਲਾਂ ਸੰਗਤ ਸਾਜੀ ਅਤੇ ਇਸੇ ਨੂੰ ਹੀ ਖ਼ਾਲਸਾ ਬਣਾਇਆ ਗਿਆ। ਗੁਰੂ ਸਾਹਿਬ ਨੇ ਗੁਰਿਆਈ ਸਾਂਝੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਨੂੰ ਬਖਸ਼ੀ ਹੈ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਨੂੰ ਇੱਕ ਖਾਸ ਜਬਤ ਦਿੱਤਾ। ਗੁਰਮੁਖਿ ਰਹਿਤ 'ਚ ਚੱਲਦਿਆਂ ਹੀ ਖ਼ਾਲਸਾ ਗੁਰੂ ਦੇ ਗੁਣ ਧਾਰਨ ਕਰ ਸਕਦਾ ਹੈ। ਗੁਰੂ ਖ਼ਾਲਸਾ ਪੰਥ ਦਾ ਸਫਰ ਇੱਕ ਤੋਂ ਸਰਬੱਤ ਤੱਕ ਪਸਾਰ ਦਾ ਹੈ। ਇਹ 'ਸਵਾ ਲੱਖ' ਵੀ ਨਿਆਂ ਕਰਨ ਦੇ ਸਮਰੱਥ ਹੈ। ਇਹ ਸੰਗਤ ਰੂਪ ਵਿੱਚ ਵਿਚਰਦਾ ਹੈ, ਕਦੇ ਖਾਸ ਮੌਕੇ ਇਕੱਲਾ ਸਿੰਘ ਵੀ ਪੰਥ ਦੀ ਭੂਮਿਕਾ ਨਿਭਾਉਂਦਾ ਹੈ। ਗੁਰੂ ਖ਼ਾਲਸਾ ਪੰਥ ਆਮ ਲੋਕਾਂ ਦਾ ਸਭਿਆਚਾਰ ਨਹੀਂ ਸਗੋਂ ਇਹ ਆਤਮਕ ਤੌਰ 'ਤੇ ਜਾਗੀਆਂ ਹੋਈਆਂ ਰੂਹਾਂ ਦੇ ਜੀਵਨ-ਰੌਂਅ ਦਾ ਨਾਂ ਹੈ।

### ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ:

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਖ਼ਾਲਸਾ ਜੀ ਲਗਾਤਾਰ ਮੁਗਲ ਹਕੂਮਤ ਨਾਲ ਟੱਕਰ ਵਿੱਚ ਰਿਹਾ। ਇਸ ਸਮੇਂ ਦੌਰਾਨ ਖ਼ਾਲਸਾ ਜੀ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਹਜ਼ਾਰਾਂ ਹੀ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਅਜਿਹੇ ਵੇਲਿਆਂ ਵਿੱਚ ਵੀ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਲਈ ਆਪਣੇ ਪ੍ਰੇਮ ਅਤੇ ਸਮਰਪਣ ਨੂੰ ਘੱਟ ਨਹੀਂ ਹੋਣ ਦਿੱਤਾ, ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਨੂੰ ਫਿੱਕਾ ਪੈਣ ਦਿੱਤਾ।

### ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ - ਇਤਿਹਾਸ ਦੇ ਝਰੋਖੇ 'ਚੋਂ:

੧. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਬਾਅਦ ਗੁਰੂ ਸਾਹਿਬਾਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨਹੀਂ ਰਹੇ। ਸੰਨ ੧੭੨੫-੧੭੨੬ ਤੋਂ ਭਾਈ ਮਨੀ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਦੇ ਸਨ। ਉਹਨਾਂ ਨੇ ਸਿੱਖਾਂ ਨੂੰ ਛੋਟੇ-ਛੋਟੇ ਜਥਿਆਂ ਦੇ ਰੂਪ ਵਿੱਚ ਜਥੇਬੰਦ ਕਰਨਾ ਸ਼ੁਰੂ ਕੀਤਾ। ਫਿਰ ਭਾਈ ਮਨੀ ਸਿੰਘ ਜੀ ਨੇ ਸਰਬੱਤ ਖ਼ਾਲਸਾ ਸੱਦਿਆ ਸੀ ਜੋ ਹਕੂਮਤ ਨੇ ਅਸਫਲ ਕਰ ਦਿੱਤਾ, ਉਹਨਾਂ ਨੇ ਇਸ ਗੱਲ ਪਿੱਛੇ ਸ਼ਹਾਦਤ ਦਿੱਤੀ।

੨. ਬਿਖੜੇ ਹਲਾਤਾਂ ਵਿੱਚ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖ਼ਾਲਸਾ ਨਾ ਹੋ ਸਕੇ ਤਾਂ ਚੱਲਦਾ ਵਹੀਰ ਸਰਬੱਤ ਖ਼ਾਲਸਾ ਕਰ ਸਕਦਾ ਹੈ। ਇਸੇ ਤਰ੍ਹਾਂ ਜਦੋਂ ੧੭੩੪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖ਼ਾਲਸਾ ਕਰਨ ਦੇ ਹਲਾਤ ਨਹੀਂ ਸਨ ਤਾਂ ਪੰਥ ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਨੇ ਸਰਬੱਤ ਖ਼ਾਲਸਾ ਸੱਦਿਆ ਅਤੇ ਪੰਥ ਦੀ ਰਜਾ ਅਨੁਸਾਰ ਭਾਈ ਕਪੂਰ ਸਿੰਘ ਨੂੰ ਨਵਾਬੀ ਦੀ ਪੇਸ਼ਕਸ ਸੌਂਪੀ ਗਈ। ਤਤਕਾਲੀ ਹਕੂਮਤ ਵਲੋਂ ਆਈ ਪੇਸ਼ਕਸ਼ ਨੂੰ ਗੁਰਮਤਾ ਵਿਧ ਨਾਲ ਸੁਣਿਆ ਅਤੇ ਫੈਸਲਾ ਕੀਤਾ ਗਿਆ।

੩. ੧੭੪੮ ਵਿਚ ਨਵਾਬ ਕਪੂਰ ਸਿੰਘ ਜੀ ਦੇ ਸੱਦੇ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖ਼ਾਲਸਾ ਕੀਤਾ ਗਿਆ। ਇਸ ਵਿੱਚ ਸਮੁੱਚੇ ਦਲ ਨੂੰ ੧੧ ਜਥਿਆਂ ਵਿੱਚ ਜਥੇਬੰਦ ਕੀਤਾ ਗਿਆ।

੪. ੧੭੫੩ ਵਿੱਚ ਰਾਖੀ ਪ੍ਰਬੰਧ ਸਥਾਪਤ ਕਰਨ ਦਾ ਗੁਰਮਤਾ ਕੀਤਾ ਗਿਆ, ਜੋ ਪ੍ਰਬੰਧ ਬਾਅਦ ਵਿੱਚ ਰਾਜ ਵਿੱਚ ਬਦਲ ਗਿਆ।

੫. ਜਦੋਂ ਮਿਸਲਾਂ ਦਾ ਰਾਜ ਸਥਿਰ ਹੋ ਗਿਆ, ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਓਹਨਾ ਕੋਲ ਹੀ ਰਹੀ ਜੋ ਦੁਨਿਆਵੀ ਅਹੁਦਿਆਂ ਦੇ ਚੱਕਰ

ਵਿੱਚ ਨਹੀਂ ਸਨ, ਭਾਵ ਅਕਾਲੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਦੇ ਰਹੇ। ਬਰਤਾਨਵੀ ਹਕੂਮਤ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਸਿੱਖਾਂ ਦਾ ਰਾਜਨੀਤਕ ਧੁਰਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅਕਾਲੀ ਹਨ, ਇਹਨਾਂ ਨੂੰ ਖਤਮ ਕੀਤਾ ਜਾਵੇ। ਇਸੇ ਲਈ ਓਹਨਾਂ ਨੇ ਅਕਾਲ ਤਖ਼ਤ ’ਤੇ ਗੁਰਮਤਾ ਕਰਨ ਅਤੇ ਅਕਾਲੀਆਂ ਨੂੰ ਖਤਮ ਕਰਨ ਦੇ ਯਤਨ ਕੀਤੇ। ਸ੍ਰੀ ਅਕਾਲ ਤਖ਼ਤ ਸਾਹਿਬ ਜੋ ਸਿੱਖਾਂ ਦਾ ਫੈਸਲੇ ਲੈਣ ਦਾ ਕੇਂਦਰੀ ਸਥਾਨ ਸੀ, ਉਥੇ ਸਰਬਰਾਹ ਲਗਾ ਕੇ ਤਖਤ ਦੀ ਪੂਜਾ ਜਾਂ ਪ੍ਰਬੰਧ ਤੱਕ ਸੀਮਤ ਕਰ ਦਿੱਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰਮਤੇ ਸੋਧਣ ਦੀ ਪ੍ਰੰਪਰਾ ਬੰਦ ਕਰਵਾ ਦਿੱਤੀ।

੬. ੧੮੪੯ ਤੋਂ ੧੯੨੦ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਕੋਈ ਵੱਖਰਾ ਤਰੀਕਾਕਾਰ ਤੈਅ ਨਹੀਂ ਕੀਤਾ ਗਿਆ ਅਤੇ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਲਾਏ ਗਏ ਸਰਬਰਾਹ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਦੇਖਦੇ ਰਹੇ। ੧੯੨੦ ਵਿੱਚ ਉੱਠੀ ਨਵੀਂ ਅਕਾਲੀ ਲਹਿਰ ੧੯੨੫ ਦੇ ਗੁਰਦੁਆਰਾ ਐਕਟ ਰੂਪ ਵਿੱਚ ਨਵਾਂ ਨਿਜ਼ਾਮ ਲੈ ਆਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਸਾਧਾਰਨ ਮਨੁੱਖਾਂ ਵੱਲੋਂ ਸਾਜੇ ਕਾਨੂੰਨ ਦੇ ਇਸ ਨਿਜ਼ਾਮ ਦੇ ਹੇਠਾਂ ਰੱਖ ਲਿਆ ਗਿਆ। ੧੮੪੯ ਤੋਂ ਸਾਡੇ ਇਹਨਾਂ ਪਵਿੱਤਰ ਸਥਾਨਾਂ ਦੀ ਸੇਵਾ ਸੰਭਾਲ ਬਦਲਦੀ-ਬਦਲਦੀ ਹੁਣ ਮਹਿਜ ਪ੍ਰਬੰਧ ਤੱਕ ਸਿਮਟ ਕੇ ਰਹਿ ਗਈ ਅਤੇ ਆਗੂ ਪ੍ਰਬੰਧਕ ਬਣ ਕੇ ਰਹਿ ਗਏ ਹਨ।



੭. ਤਖ਼ਤ ਅਤੇ ਗੁਰਦੁਆਰਾ ਸਾਹਿਬ ਵਿਚਲਾ ਫ਼ਰਕ ਮੇਟ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਬੂ ਕਰਕੇ ਰੱਖਣ ਦਾ ਸਿਲਸਿਲਾ ਅੱਜ ਤਕ ਬਾਦਸਤੂਰ ਜਾਰੀ ਹੈ।

### ਸਰਬੱਤ ਖ਼ਾਲਸਾ ਅਤੇ ਗੁਰਮਤਾ:

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੋਠਾ ਸਾਹਿਬ ਦੇ ਨਾਲ ਉਸ ਅਸਥਾਨ ਉੱਪਰ ਕੀਤੀ ਜਿੱਥੇ ਉਹ ਗੁਰਿਆਈ ਧਾਰਨ ਕਰਨ ਸਮੇਂ ਕਲਗੀ ਵਾਲੀ ਦਸਤਾਰ ਸਜਾ, ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ, ਤਖ਼ਤ ਉੱਪਰ ਬੈਠੇ ਸਨ। **ਇਸ ਤਖ਼ਤ ਉੱਪਰੋਂ ਹੀ ਗੁਰੂ ਸਾਹਿਬ ਨੇ ਹੁਕਮ, ਨਿਆਂ, ਫੌਜ ਅਤੇ ਜੰਗ ਦਾ ਅਮਲ ਨੁਮਾਇਆ ਕੀਤਾ ਸੀ।** ਇਸ ਲਈ ਲਾਜ਼ਮੀ ਸੀ ਕਿ ਗੁਰੂ ਖ਼ਾਲਸਾ ਪੰਥ ਇਸ ਤਖ਼ਤ ਉਪਰ ਬੈਠ ਕੇ ਆਪਣੀ **ਗੁਰੂ ਅਜ਼ਮਤ** ਦਾ ਪ੍ਰਗਟਾਵਾ ਕਰੇ। ਖ਼ਾਲਸਾ ਜੀ ਨੇ ਗੁਰੂ ਖ਼ਾਲਸਾ ਰੂਪ ਵਿਚ ਫ਼ੈਸਲੇ ਲੈਣ ਲਈ ਸਰਬੱਤ ਖ਼ਾਲਸਾ ਦੀ ਜੁਗਤ ਨੂੰ ਅਪਣਾਇਆ।

- **ਜੁਗਤ:** ਸਰਬੱਤ ਖ਼ਾਲਸਾ ਦਾ ਅਰਥ ਹੈ ਗੁਰੂ ਖ਼ਾਲਸਾ ਪੰਥ ਦੀ ਅਜ਼ਮਤ ਦੇ ਧਾਰਨੀ ਖ਼ਾਲਸਾ ਜੀ ਦੇ ਸਮੁੱਚੇ ਪਾਸਾਰ ਦੀ ਨੁਮਾਇੰਦਗੀ ਕਰਨਾ। ਇਸ ਕਾਰਜ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਰਬੱਤ ਖ਼ਾਲਸਾ ਸਮਾਗਮ ਬੁਲਾਇਆ ਜਾਂਦਾ ਸੀ।
- **ਅਮਲ:** ਸਰਬੱਤ ਖ਼ਾਲਸਾ ਸਮਾਗਮ ਸਮੇਂ ਇੱਕ ਸਿੰਘ ਜੋ ਆਮ ਤੌਰ ’ਤੇ ਸਰਬ ਪ੍ਰਵਾਨਤ ਅਤੇ ਸਤਿਕਾਰਤ ਹਸਤੀ ਹੁੰਦਾ ਸੀ, ਸਰਬੱਤ ਖ਼ਾਲਸਾ ਜੀ ਨੂੰ ਮੁੱਦੇ ਤੋਂ ਆਗਾਹ ਕਰਾਉਂਦਾ ਸੀ ਕਿ ਅੱਜ ਖ਼ਾਲਸਾ ਜੀ ਨੇ ਕਿਸ ਵਿਸ਼ੇ ਉੱਪਰ ਫ਼ੈਸਲਾ ਕਰਨਾ ਹੈ। ਉਪਰੰਤ ਉਹ ਖ਼ਾਲਸਾ ਜੀ ਵਿਚੋਂ ਕਥਨੀ ਕਰਨੀ ਦੇ ਪੂਰੇ ਪੰਜ ਸਿੰਘ ਚੁਣਦਾ ਸੀ ਅਤੇ ਉਨ੍ਹਾਂ ਪੰਜ ਸਿੰਘਾਂ ਪ੍ਰਤੀ ਸੰਗਤ ਵਿੱਚੋਂ ਹੋਕਾ ਦੇ ਕੇ ਇਤਰਾਜ਼ਾਂ ਦੀ ਮੰਗ ਕਰਦਾ ਸੀ। ਕੋਈ ਇਤਰਾਜ਼ ਨਾ ਆਉਣ ’ਤੇ ਉਹ ਪੰਜ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਜ ਜਾਂਦੇ ਅਤੇ ਸਰਬੱਤ ਖ਼ਾਲਸਾ ਆਰੰਭ ਹੁੰਦਾ ਸੀ। ਖ਼ਾਲਸਾ ਜੀ ਨੂੰ ਵਿਸ਼ੇ ਪ੍ਰਤੀ ਜਾਣੂ ਕਰਵਾਉਣ ਅਤੇ ਪੰਜ ਸਿੰਘਾਂ ਦੇ ਨਾਮ ਪੁਕਾਰਨ ਵਾਲੇ ਸਿੰਘ ਨੂੰ ਸਾਖੀ ਸਿੰਘ ਕਿਹਾ ਜਾਂਦਾ ਸੀ, ਜੋ ਪੰਜ ਸਿੰਘਾਂ ਦੇ ਨਾਵਾਂ ’ਤੇ ਸਹਿਮਤੀ ਬਣਨ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਜਾਂਦਾ ਸੀ। ਫੇਰ ਪੰਜ ਸਿੰਘ ਆਪਣੇ ਵਿੱਚੋਂ ਇੱਕ ਨੁਮਾਇੰਦਾ ਚੁਣ ਕੇ ਸਰਬੱਤ ਖ਼ਾਲਸਾ ਸਮਾਗਮ ਦੀ ਕਾਰਵਾਈ ਨੂੰ ਅੱਗੇ ਚਲਾਉਂਦੇ ਸਨ। ਆਮ ਤੌਰ ’ਤੇ ਸੰਗਤ ਵਿੱਚੋਂ ਉਸ ਮੁੱਦੇ ਪ੍ਰਤੀ ਲਗਭਗ ਸਾਰਿਆਂ ਦੀ ਰਾਏ ਲਈ ਜਾਂਦੀ ਸੀ ਉਪਰੰਤ ਪੰਜ ਸਿੰਘ ਦਿੱਤੀ ਗਈ ਰਾਇ ਉਪਰ ਵਿਚਾਰ ਕਰਦੇ ਅਤੇ ਆਪਣਾ ਫ਼ੈਸਲਾ ਸੁਣਾਉਂਦੇ। ਇਸ ਫ਼ੈਸਲੇ ਨੂੰ **ਗੁਰਮਤਾ** ਕਿਹਾ ਜਾਂਦਾ ਅਤੇ ਇਹ ਗੁਰੂ ਦੇ ਹੁਕਮ ਵਾਂਗ ਅਦਬ ਸਹਿਤ ਮੰਨਿਆ ਜਾਂਦਾ।

**ਬਿਖੜੇ ਹਲਾਤਾਂ ਵਿੱਚ ਜਦੋਂ ਅਕਾਲ ਸਾਹਿਬ ਉਪਰ ਖ਼ਾਲਸਾ ਜੀ ਦਾ ਇਕਤ੍ਰ ਹੋ ਕੇ ਗੁਰਮਤਾ ਕਰਨਾ ਸੰਭਵ ਨਾ ਹੋਵੇ ਤਾਂ ਕੋਈ ਵੀ ਜਗ੍ਹਾ ਸਰਬੱਤ ਖ਼ਾਲਸਾ ਲਈ ਚੁਣੀ ਜਾ ਸਕਦੀ ਹੈ ਪਰ ਸਰਬੱਤ ਖ਼ਾਲਸਾ ਇਕੱਠ ਸਿਰਫ਼ ਅਕਾਲੀ ਸਿੰਘਾਂ ਵਲੋਂ ਹੀ ਬੁਲਾਇਆ ਜਾ ਸਕਦਾ ਹੈ।**

### ਮੌਜੂਦਾ ਸਥਿਤੀ:

ਅੱਜ ਸੰਸਾਰ ਵਿਚ ਉਥਲ-ਪੁਥਲ ਦਾ ਸਮਾਂ ਹੈ ਤੇ ਦੁਨੀਆ ਦੇ ਨਿਜ਼ਾਮ ਵਿਚ ਵੱਡੀਆਂ ਤਬਦੀਲੀਆਂ ਵੱਲ ਸੰਕੇਤ ਕਰਦੀ ਹਲਚਲ ਸ਼ੁਰੂ ਹੋ ਚੁੱਕੀ ਹੈ। ਦੱਖਣੀ ਏਸ਼ੀਆ ਦੇ ਇਸ ਖਿੱਤੇ ਵਿਚ ਵੀ ਹਾਲਾਤ ਅਸਥਿਰਤਾ ਵੱਲ ਵਧ ਰਹੇ ਹਨ ਤੇ ਇੰਡੀਅਨ ਉਪਮਹਾਂਦੀਪ ਵਿਚ ਬਿਪਰਵਾਦ ਆਪ

ਸਿਕੰਜਾ ਕਸਦਾ ਜਾ ਰਿਹਾ ਹੈ। ਇਸ ਦਾ ਅਸਰ ਪੰਜਾਬ ਅਤੇ ਸਿੱਖਾਂ ਉੱਤੇ ਵੀ ਪੈ ਰਿਹਾ ਹੈ।

ਸਦੀ ਪਹਿਲਾਂ ਸੰਘਰਸ਼ ਵਿਚੋਂ ਨਿੱਕਲੀਆਂ ਸਿੱਖ ਸੰਸਥਾਵਾਂ ਦਿੱਲੀ ਦਰਬਾਰ ਦੀ ਰਾਜਸੀ ਅਧੀਨਗੀ ਤੇ ਸਮੇਂ ਨਾਲ ਆਈਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਸਿੱਖਾਂ ਵਿਚ ਆਪਣੀ ਮਾਨਤਾ ਅਤੇ ਅਸਰ ਰਸੂਖ ਗਵਾ ਬੈਠੀਆਂ ਹਨ। ਗੁਰੂ ਖ਼ਾਲਸਾ ਪੰਥ ਦੇ ਪਾਤਿਸ਼ਾਹੀ ਦਾਅਵੇ ਅਤੇ ਖ਼ਾਲਸਾ ਜੀਓ ਦੇ ਸੁਤੰਤਰ ਵਿਚਰਣ ਦੇ ਜਾਮਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਖ਼ਾਲਸਾ ਪੰਥ ਦੀਆਂ ਰਿਵਾਇਤਾਂ ਅਨੁਸਾਰੀ ਨਹੀਂ ਰਹੀ ਅਤੇ ਇਸ ਦੀ ਸਿੱਖਾਂ ਵਿਚ ਕੇਂਦਰੀ ਧੁਰੇ ਵਜੋਂ ਮਾਨਤਾ ਖੁਰਣ ਕਾਰਨ ਸਿੱਖ ਸਫਾਂ ਆਪੋ-ਧਾਪੀ ਦੀ ਮਾਰ ਝੱਲ ਰਹੀਆਂ ਹਨ। ਦਿੱਲੀ ਦਰਬਾਰ ਸਿੱਖ ਸਫਾਂ ਵਿਚ ਆਏ ਖਿੰਡਾਓ ਨੂੰ ਵਧਾ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਜਿਹੇ ਅਕਾਲੀ ਜਥਿਆਂ ਕੋਲ ਰਹੀ ਹੈ ਜੋ ਨਿਜੀ ਅਤੇ ਪੰਥਕ ਰਹਿਣੀ ਦੇ ਧਾਰਣੀ ਹੋਣ ਦੇ ਨਾਲ-ਨਾਲ ਗੁਰੂ ਆਸ਼ੇ ਨੂੰ ਸਮਰਪਿਤ ਹੋ ਕੇ ਨਿਸ਼ਕਾਮ ਤੌਰ ਉੱਤੇ ਸਰਬੱਤ ਦੇ ਭਲੇ ਲਈ ਸੰਘਰਸ਼ ਕਰਦੇ ਤੇ ਕਿਸੇ ਤਰ੍ਹਾਂ ਦੀ ਦੁਨਿਆਵੀ ਅਹੁਦੇਦਾਰੀ ਪ੍ਰਵਾਣ ਨਹੀਂ ਕਰਦੇ। ਅਜੋਕੇ ਸਮੇਂ ਇਸ ਪੱਖੋਂ ਮੁਕੰਮਲ ਖਲਾਅ ਹੈ।

ਹੁਣ ਦੇ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ ਉਪ ਕਮੇਟੀ ਨਿਯੁਕਤ ਕੀਤੀ ਜਾਂਦੀ ਹੈ। ਇਹ ਉਪ ਕਮੇਟੀ ਤੈਅ ਕਰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੌਣ ਹੋਵੇਗਾ। **ਇਹ ਲਿਖਤੀ ਤਰੀਕਾ ਹੈ, ਅਸਲ ਵਿੱਚ ਹਾਲਤ ਇਸਤੋਂ ਵੀ ਕਿਤੇ ਵਿਗੜ ਗਈ ਹੈ। ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੀ ਫਰਮਾਨ ਜਾਰੀ ਕਰਦਾ ਹੈ ਕਿ ਜਥੇਦਾਰ ਕੌਣ ਹੋਵੇਗਾ।** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਵੋਟਾਂ ਵਾਲੀ ਰਾਜਨੀਤਕ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਆਪਣੇ ਪ੍ਰਬੰਧ ਹੇਠ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ ’ਤੇ ਹੁਣ ਇੱਕ ਪਰਿਵਾਰ ਦਾ ਕਬਜਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਹੁਣ ਇਨ੍ਹਾ ਤੈਹਾਂ ਦੀ ਸਭ ਤੋਂ ਹੇਠਲੀ ਤੈਹ ਵਿੱਚ ਹੁੰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਖ਼ਾਲਸਾ ਪੰਥ ਵੱਲੋਂ ਪੰਚ ਪ੍ਰਧਾਨੀ ਪ੍ਰਣਾਲੀ ਰਾਹੀਂ ਕੀਤਾ ਜਾਂਦਾ ਗੁਰਮਤਾ ਹੀ ਖ਼ਾਲਸਾ ਪੰਥ ਦੀ ਸਮੂਹਿਕ ਭਾਵਨਾ ਦਾ ਪ੍ਰਗਟਾਵਾ ਹੈ। ਮੌਜੂਦਾ ਸਮੇਂ ਵਿਚ ਨਿਸ਼ਕਾਮ ਅਕਾਲੀ ਜਥਿਆਂ ਦੀ ਅਗਵਾਈ ਵਾਲੀ ਪੰਚ ਪ੍ਰਧਾਨੀ ਪ੍ਰਣਾਲੀ ਅਤੇ ਗੁਰਮਤਾ ਫੈਸਲਾ ਵਿਧੀ ਮਨਫੀ ਹੋ ਗਈ ਹੈ। ਇਸੇ ਕਾਰਨ ਹੁਣ ਇਥੋਂ ਹੋਣ ਵਾਲੇ ਫੈਸਲੇ ਖ਼ਾਲਸਾ ਪੰਥ ਦੀਆਂ ਸਮੂਹਿਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦੇ ਹਨ ਬਲਕਿ ਬਹੁਤੀ ਵਾਰ ਗੁਰ-ਸੰਗਤ ਦੀਆਂ ਪਰਤੱਖ ਭਾਵਨਾਵਾਂ ਦੇ ਉਲਟ ਵੀ ਹੁੰਦੇ ਹਨ।

### ਕੀ ਕਰਨਾ ਚਾਹੀਦਾ ਹੈ?

ਮੌਜੂਦਾ ਸਮਾਂ ਚੁਣੌਤੀਆਂ ਭਰਿਆ ਜਰੂਰ ਹੈ ਪਰ ਇਸ ਨੇ ਗੁਰ-ਸੰਗਤ ਅਤੇ ਖ਼ਾਲਸਾ ਪੰਥ ਸਾਹਮਣੇ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਅਜਿਹੇ ਵਿਚ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਨੂੰ ਪੰਥਕ ਰਿਵਾਇਤ ਅਨੁਸਾਰੀ ਕਰਨ ਵੱਲ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਸਬੰਧੀ ਇਕ ਅਹਿਮ ਨੁਕਤਾ ਵਿਚਾਰਨਯੋਗ ਹੈ ਕਿ ਹਮੇਸ਼ਾਂ ਹੀ ਇਹ ਸੇਵਾ ਸੰਭਾਲ ਇੱਕ ਜਥੇ ਨੂੰ ਦਿੱਤੀ ਜਾਂਦੀ ਰਹੀ ਹੈ। ਉਸ ਜਥੇ ਦਾ ਜਥੇਦਾਰ ਆਮ ਤੌਰ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ/ਜਥੇਦਾਰ ਵਜੋਂ ਸੇਵਾਵਾਂ ਨਿਭਾਉਂਦਾ ਹੈ ਜਿਵੇਂ ਮਿਸਲਾਂ ਦਾ ਪ੍ਰਬੰਧ ਵਿਕਸਿਤ ਹੋਣ ਉਪਰੰਤ ਅਕਾਲੀ ਫੂਲਾ ਸਿੰਘ ਜੀ ਬੁੱਢਾ ਦਲ ਦੇ ਜਥੇਦਾਰ ਸਨ ਅਤੇ ਉਨ੍ਹਾਂ ਦੇ ਜਥੇ ਪਾਸ ਸੇਵਾ ਸੰਭਾਲ ਹੋਣ ਕਾਰਨ ਓਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ।

**ਜੇਕਰ ਗੁਰੂ ਖ਼ਾਲਸਾ ਪੰਥ ਨੇ ਆਪਣੀ ਅਜ਼ਮਤ ਦਾ ਜਲਵਾ ਨੁਮਾਇਆ ਕਰਨਾ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਨ ਲਈ ਇੱਕ ਵਿਸ਼ੇਸ਼ ਜਥੇ ਦੀ ਸਾਜਨਾ ਕਰਨੀ ਚਾਹੀਦੀ ਹੈ। ਇਸ ਜਥੇ ਵਿੱਚ ਸ਼ਮੂਲੀਅਤ ਦੇ ਮਿਆਰ ਤੈਅ ਹੋਣੇ ਚਾਹੀਦੇ ਹਨ।**

ਸੰਤ ਅਤਰ ਸਿੰਘ ਜੀ ਦੇ ਬਚਨ ਹਨ ਕਿ “ਪੰਜ ਸੌ ਸਿੱਖਾਂ ਦਾ ਨਿਸ਼ਕਾਮ ਜਥਾ, ਜੋ ਤਨਖਾਹ ਨਾ ਲੈਂਦਾ ਹੋਵੇ, ਗੁਰੂ ਕੇ ਲੰਗਰਾਂ ਵਿਚੋਂ ਪ੍ਰਸ਼ਾਦੇ ਅਤੇ ਸਿਰੋਪਾਓ ’ਤੇ ਗੁਜ਼ਾਰਾ ਕਰਦਾ ਹੋਵੇ, ਉਹ ਸੇਵਾ ਸੰਭਾਲੇ ਤਾਂ ਹੀ ਗੁਰੂ ਆਸ਼ਾ ਪੂਰਾ ਹੋ ਸਕਦਾ ਹੈ।”

ਮੌਜੂਦਾ ਚਲਣ ਨੂੰ ਬਦਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਸਾਡੀ ਪ੍ਰੰਪਰਾ ਅਨੁਸਾਰ ਨਿਸ਼ਕਾਮ ਜਥਿਆਂ ਨੂੰ ਦੇਣੀ ਚਾਹੀਦੀ ਹੈ। ਅਜਿਹੇ ਸਿੱਖਾਂ/ਜਥਿਆਂ ਕੋਲ ਸੇਵਾ ਹੋਵੇਗੀ ਤਾਂ ਹੀ ਰਾਜਨੀਤਕ ਪ੍ਰਭਾਵ ਤੋਂ ਇਹਨਾਂ ਪਵਿੱਤਰ ਥਾਵਾਂ ਨੂੰ ਮੁਕਤ ਕੀਤਾ ਜਾ ਸਕੇਗਾ। ਪੰਥਕ ਰਿਵਾਇਤਾਂ ਤੋਂ ਸੇਧ ਲੈ ਕੇ ਗੁਰੂ ਖ਼ਾਲਸਾ ਪੰਥ ਦੀ ਸਾਂਝੀ ਰਾਏ ਦਾ ਪ੍ਰਗਟਾਓ ਕਰਨ ਦਾ ਅਮਲ, ਭਾਵ ਕਿ ਗੁਰਮਤਾ ਵਿਧੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਰਵਾਇਤੀ ਤਰੀਕਾਕਾਰ ਮੁੜ-ਬਹਾਲ ਕੀਤਾ ਜਾਵੇ। ਇਹ ਸਮੇਂ ਦੀ ਲੋੜ ਹੈ।

**ਵੱਲੋਂ: ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ।**

**ਸੰਪਰਕ: +੯੧ ੭੧੪੬੨ ੪੬੬੭੩, +੯੧ ੭੭੭੨੯ ੨੦੬੭੯, +੯੧ ੬੭੭੯੫ ੪੭੭੦੧**

/panthsewak